# ਕੈਰੀ ਸੰਸਥਾ ਵੱਲੋਂ ਵਿਕਸਿਤ ਭਾਰਤ ਵਿੱਚ ਮਾਸ, ਆਂਡਿਆਂ ਲਈ ਜਪਾਨੀ ਬਟੇਰ ਦੀਆਂ ਮੁੱਖ ਨਸਲਾਂ

ਭਾਰਤ ਵਿੱਚ ਮੁਰਗੀ ਅਤੇ ਬਤਖ਼ ਪਾਲਣ ਤੋਂ ਬਾਅਦ ਜਪਾਨੀ ਬਟੇਰ ਪਾਲਣ ਦਾ ਕਾਰੋਬਾਰ ਵੀ ਵਧ ਰਿਹਾ ਹੈ। ਇਸ ਲਈ ਘੱਟ ਜਗ੍ਹਾ ਅਤੇ ਖਰਚ ਦੀ ਲੋੜ ਹੁੰਦੀ ਹੈ।

ਜਪਾਨੀ ਬਟੇਰ ਪਾਲਣ ਸ਼ੁਰੂ ਕਰਨ ਲਈ ਜਾਣਕਾਰੀ, ਮਾਰਗਦਰਸ਼ਨ ਅਤੇ ਸਿਖਲਾਈ ਲਈ ਇੱਛੁਕ ਵਿਅਕਤੀ ਭਾਰਤ ਸਰਕਾਰ ਦੇ ਕੇਂਦਰੀ ਪੰਛੀ ਅਨੁਸੰਧਾਨ ਸੰਸਥਾਨ (ਕੈਰੀ), ਜੋ ਕਿ ਇਜ਼ਤਨਗਰ, ਬਰੇਲੀ (ਉੱਤਰ ਪ੍ਰਦੇਸ਼) ਵਿੱਚ ਸਥਿਤ ਹੈ, ਨਾਲ ਸੰਪਰਕ ਕਰ ਸਕਦੇ ਹਨ।

ਕੈਰੀ ਵੱਲੋਂ ਵਿਕਸਿਤ ਬਟੇਰ ਦੀਆਂ ਨਸਲਾਂ ਵਿੱਚ ਮੁੱਖ ਤੌਰ 'ਤੇ ਕੈਰੀ ਉੱਤਮ, ਕੈਰੀ ਪਰਲ, ਕੈਰੀ ਉੱਜਵਲ, ਕੈਰੀ ਸਵੇਤਾ, ਕੈਰੀ ਬ੍ਰਾਊਨ ਅਤੇ ਕੈਰੀ ਸੁਨਹਿਰੀ ਸ਼ਾਮਲ ਹਨ। ਇਹ ਜਪਾਨੀ ਬਟੇਰ 'ਤੇ ਆਧਾਰਿਤ ਹਨ ਅਤੇ ਆਂਡੇ ਅਤੇ ਮਾਸ ਉਤਪਾਦਨ ਲਈ ਮਸ਼ਹੂਰ ਹਨ।

### ਕੈਰੀ ਉੱਤਮ

- ਮਾਸ ਅਤੇ ਆਂਡਿਆਂ ਲਈ ਪਾਲੀ ਜਾਂਦੀ ਹੈ
- 5 ਹਫ਼ਤਿਆਂ ਵਿੱਚ ਵਜ਼ਨ 250 ਗ੍ਰਾਮ ਤੱਕ ਹੋ ਜਾਂਦਾ ਹੈ
- ਆਂਡੇ ਦਾ ਔਸਤ ਵਜ਼ਨ 12–13 ਗ੍ਰਾਮ
- ਮਾਦਾ ਸਾਲ ਵਿੱਚ 260 ਆਂਡੇ ਤੱਕ ਦੇਂਦੀ ਹੈ
- ਆਂਡਿਆਂ ਦੀ ਹੈਚਿੰਗ ਸਮਰੱਥਾ 70–75%

### ਕੈਰੀ ਪਰਲ

- ਮੁੱਖ ਤੌਰ 'ਤੇ ਆਂਡਿਆਂ ਲਈ ਪਾਲੀ ਜਾਂਦੀ ਹੈ
- 5 ਹਫ਼ਤਿਆਂ ਵਿੱਚ ਵਜ਼ਨ 140 ਗ੍ਰਾਮ ਤੱਕ ਹੋ ਜਾਂਦਾ ਹੈ
- ਆਂਡੇ ਦਾ ਔਸਤ ਵਜ਼ਨ 9 ਗ੍ਰਾਮ

- ਮਾਦਾ ਸਾਲ ਵਿੱਚ 305 ਆਂਡੇ ਤੱਕ ਦੇਂਦੀ ਹੈ
- ਆਂਡਿਆਂ ਦੀ ਹੈਚਿੰਗ ਸਮਰੱਥਾ 70–80%

**ਕੈਰੀ ਉੱਜਵਲ**

- ਆਂਡਿਆਂ ਲਈ ਪਾਲੀ ਜਾਂਦੀ ਹੈ
- 5 ਹਫ਼ਤਿਆਂ ਵਿੱਚ ਵਜ਼ਨ 175 ਗ੍ਰਾਮ ਤੱਕ ਹੋ ਜਾਂਦਾ ਹੈ
- ਆਂਡੇ ਦਾ ਔਸਤ ਵਜ਼ਨ 11 ਗ੍ਰਾਮ
- ਮਾਦਾ ਸਾਲ ਵਿੱਚ 220 ਆਂਡੇ ਤੱਕ ਦੇਂਦੀ ਹੈ
- ਆਂਡਿਆਂ ਦੀ ਹੈਚਿੰਗ ਸਮਰੱਥਾ 70%

**ਕੈਰੀ ਸਵੇਤਾ**

- ਪੂਰੀ ਤਰ੍ਹਾਂ ਸਫ਼ੈਦ ਰੰਗ ਦੀ ਨਸਲ
- 5 ਹਫ਼ਤਿਆਂ ਵਿੱਚ ਵਜ਼ਨ 160–170 ਗ੍ਰਾਮ ਤੱਕ ਹੋ ਜਾਂਦਾ ਹੈ
- ਆਂਡੇ ਦਾ ਔਸਤ ਵਜ਼ਨ 10–11 ਗ੍ਰਾਮ
- ਮਾਦਾ ਸਾਲ ਵਿੱਚ 205 ਆਂਡੇ ਤੱਕ ਦੇਂਦੀ ਹੈ
- ਆਂਡਿਆਂ ਦੀ ਹੈਚਿੰਗ ਸਮਰੱਥਾ 60–65%

**ਕੈਰੀ ਬ੍ਰਾਊਨ**

ਭੂਰੇ ਰੰਗ ਦੀ ਨਸਲ

5 ਹਫ਼ਤਿਆਂ ਵਿੱਚ ਵਜ਼ਨ 180–185 ਗ੍ਰਾਮ ਤੱਕ ਹੋ ਜਾਂਦਾ ਹੈ

ਆਂਡੇ ਦਾ ਔਸਤ ਵਜ਼ਨ 11 ਗ੍ਰਾਮ

ਮਾਦਾ ਸਾਲ ਵਿੱਚ 210 ਆਂਡੇ ਤੱਕ ਦੇਂਦੀ ਹੈ

ਆਂਡਿਆਂ ਦੀ ਹੈਚਿੰਗ ਸਮਰੱਥਾ 60–70%

**ਕੈਰੀ ਸੁਨਹਿਰੀ**

- ਅੱਧੀ ਭੂਰੀ ਅਤੇ ਅੱਧੀ ਸਫ਼ੈਦ ਰੰਗ ਦੀ ਨਸਲ
- 5 ਹਫ਼ਤਿਆਂ ਵਿੱਚ ਵਜ਼ਨ 180 ਗ੍ਰਾਮ ਤੱਕ ਹੋ ਜਾਂਦਾ ਹੈ
- ਆਂਡੇ ਦਾ ਔਸਤ ਵਜ਼ਨ 11 ਗ੍ਰਾਮ
- ਮਾਦਾ ਸਾਲ ਵਿੱਚ 200 ਆਂਡੇ ਤੱਕ ਦੇਂਦੀ ਹੈ
- ਆਂਡਿਆਂ ਦੀ ਹੈਚਿੰਗ ਸਮਰੱਥਾ 60–70%